RIGBY star INDEPENDENT

# ਆਪਣੇ ਬੱਚੇ ਦੇ ਨਾਲ ਪੜਨਾ

ਸਕੂਲ ਹੀ ਇਕ ਅਜੇਹੀ ਥਾਂ ਨਹੀਂ ਹੈ ਜਿਥੇ ਬੱਚੇ ਪੜਨਾ ਸਿਖਦੇ ਹਨ। ਘਰੇ ਜਾਂ ਹੋਰ ਕਿਤ ਪੜਨਾ, ਵੀ ਬੱਚਿਆਂ ਦੇ ਤਜਰਬੇ ਦਾ ਇਕ ਅਹਿਮ ਭਾਗ ਹੈ।

ਹੇਠ ਕੁਝ ਲਾਭਦਾਇਕ ਨੁਸਖੇ ਹਨ ਜਿਹੜੇ ਆਪਣੇ ਬੱਚੇ ਨੂੰ ਪੜਨਾ ਸਿਖਾਉਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

- ਜੱਦ ਤੁਹਾਡਾ ਬੱਚਾ ਤੁਹਾਨੂੰ ਪੜ ਕਿ ਸੁਣਾਉਦਾ ਹੈ ਤਾਂ ਉਸ ਨੂੰ ਟਾਇਮ ਦਵੋ।
- ਬੱਚੇ ਨੂੰ ਆਪਣੀ ਕਿਤਾਬ ਫੜ ਲੈਣ ਦਵੋ, ਅਤੇ ਉਸ ਨੂੰ "ਕਵਰ (ਜਿਲਦ) ", "ਪੇਜ (ਸਫਾ ਜਾਂ ਪੰਨਾ) " ਅਤੇ "ਟਾਇਟਲ (ਸਿਰਲੇਖ) " ਵਰਗੇ ਸ਼ਬਦ ਵਰਤਨ ਲਈ ਹੱਲਾਸ਼ੇਰੀ ਦਵੋ।
- ਕਿਤਾਬ ਪੜਨ ਤੋਂ ਪਹਿਲਾਂ ਗੱਲਬਾਤ ਕਰੋ ਕਿ ਕਿਤਾਬ ਦੇ ਵਿਚ ਕੀ ਹੋਵੇਗਾ। ਕਿਤਾਬ ਦੇ ਮੋਹਰਲੇ ਅਤੇ ਪਿਛਲੇ ਕਵਰ (ਜਿਲਦ) ਤੇ ਉਪਲੱਬਦ ਸੰਕੇਤਾਂ ਲਈ ਵੇਖੋ।
- ਤਸਵੀਰਾਂ ਬਾਰੇ ਗੱਲਬਾਤ ਕਰੋ – ਵਿਸਤਾਰ ਸਹਿਤ ਵਿਚਾਰ ਕਰੋ ਕਿ ਕੀ ਹੋ ਰਿਹਾ ਹੈ।
- ਆਪਣੇ ਬੱਚੇ ਨੂੰ ਉਸ ਦੀ ਆਪਣੀ ਗੱਲਤੀਆਂ ਨੂੰ ਪਛਾਨਣ ਅਤੇ ਉਨ੍ਹਾਂ ਨੂੰ ਸਹੀ ਕਰਨ ਲਈ ਟਾਇਮ ਦਵੋ।
- ਜੇਕਰ ਬੱਚੇ ਨੂੰ ਕਿਸੇ ਸ਼ਬਦ ਪੜਨ ਵਿਚ ਪਰੇਸ਼ਾਨੀ ਆਉਦੀ ਹੈ, ਤਾਂ ਉਸ ਨੂੰ ਸੰਕੇਤਾਂ ਲਈ ਤਸਵੀਰ ਵੇਖਣ ਵਾਸਤੇ ਅਨੁਬੋਧਨ ਕਰੋ, ਜਾਂ ਉਸ ਨੂੰ ਸ਼ਬਦ ਦਾ ਪਹਿਲਾ ਲਫ਼ਜ਼ ਅਵਾਜ਼ ਕਰਕੇ ਦੱਸੋ। ਜੇਕਰ ਉਸ ਨੂੰ ਫਿਰ ਵੀ ਨਹੀਂ ਪਤਾ ਲੱਗਦਾ ਤਾਂ ਉਸ ਨੂੰ ਦੱਸੋ ਕਿ ਉਹ ਸ਼ਬਦ ਕੀ ਹੈ ਤਾਂ ਕਿ ਉਹ ਨਿਰਾਸ਼ ਨਾ ਹੋਣ।
- ਕਿਤਾਬ ਪੜਨ ਤੋਂ ਬਾਦ ਉਸ ਬਾਰੇ ਗੱਲਬਾਤ ਕਰੋ। ਇਹ ਪੱਕਾ ਕਰੋ ਕਿ ਤੁਹਾਡੇ ਬੱਚੇ ਨੂੰ ਪਤਾ ਲੱਗਦਾ ਹੈ ਕਿ ਕਿਤਾਬ ਕਿਸ ਬਾਰੇ ਹੈ – ਪਾਠਕ ਬਣਨ ਦਾ ਇਹ ਇਕ ਬਹੁਤ ਜ਼ਰੂਰੀ ਭਾਗ ਹੈ।
- ਜੇਕਰ ਉਸ ਦਾ ਦਿਲ ਨਹੀਂ ਕਰਦਾ ਤਾਂ ਆਪਣੇ ਬੱਚੇ ਨੂੰ ਕਿਤਾਬ ਪੜਨ ਲਈ ਮਜਬੂਰ ਨਾ ਕਰੋ। ਜੇਕਰ ਉਹ ਸੰਕੋਚ ਕਰਦਾ ਹੈ, ਤਾਂ ਤੁਸੀਂ ਆਪ ਉਸ ਨੂੰ ਕਿਤਾਬ ਪੜ੍ਹ ਕੇ ਸੁਣਾਓ ਅਤੇ ਉਸ ਨੂੰ ਸਾਥ ਦੇਣ ਵਾਸਤੇ ਹੱਲਾਸ਼ੇਰੀ ਦਵੋ।
- ਬਹੁਤ ਸਾਰੇ ਬੱਚਿਆਂ ਦਿਆਂ ਆਪਣੀ ਚਹੇਤੀ ਕਿਤਾਬਾਂ ਹੁੰਦੀਆਂ ਹਨ ਜਿਹੜੀਆਂ ਕਿ ਉਹ ਬਾਰ ਬਾਰ ਪੜਦੇ ਹਨ। ਇਹ ਚੰਗੀ ਗੱਲ ਹੈ ! ਉਹ ਕਹਾਣੀਆਂ ਪੜ੍ਹਕੇ ਜਿਹੜੀਆਂ ਉਨ੍ਹਾਂ ਨੂੰ ਪਤਾ ਹੈ ਅਤੇ ਚੰਗੀਆਂ ਲੱਗਦੀਆਂ ਹਨ – ਇਸ ਨਾਲ ਤੁਹਾਡੇ ਬੱਚੇ ਦਾ ਹੌਸਲਾ ਵੱਧਦਾ ਹੈ।
- ਆਪਣੇ ਬੱਚੇ ਨੂੰ ਤੁਸੀਂ ਜਿਨਾ ਜ਼ਿਆਦਾ ਪੜਾ ਸਕਦੇ ਹੋ ਪੜਾਵੋ। ਇਹ ਹਮੇਸ਼ਾਂ ਕਿਤਾਬਾਂ ਹੀ ਨਹੀਂ – ਸਗੋਂ ਕਿ ਖਰੀਦਾਰੀ ਸੂਚੀ, ਭੋਜਨ-ਸੂਚੀ, ਜਾਂ ਕਿਸੇ ਚੀਜ਼ ਦੀਆਂ ਹਿਦਾਇਤਾਂ ਵੀ ਹੋ ਸਕਦੀਆਂ ਹਨ।
- ਯਾਦ ਰੱਖੋ ਕਿ ਸ਼ਬਦ ਸਾਡੇ ਆਲੇ-ਦੁਆਲੇ ਸਾਰੇ ਪਾਸੇ ਹਨ। ਆਪਣੇ ਬੱਚੇ ਨੂੰ ਨਾਂ, ਚਿੰਨ੍ਹ , ਇਸ਼ਤਿਹਾਰ ਅਤੇ ਲੇਬਲ ਪੜਨ ਲਈ ਹੱਲਾਸ਼ੇਰੀ ਦਵੋ।

ਯਾਦ ਰੱਖੋ !
ਆਪਣੇ ਬੱਚੇ ਨੂੰ ਹਮੇਸ਼ਾਂ ਬਹੁਤ ਸਾਰੀ ਪ੍ਰਸ਼ੰਸਾ ਅਤੇ ਉਕਸਾਹਟ ਦਵੋ।